ਗਾਊਟ

PUNJABI

ਆਰਥਰਾਇਟਿਸ ਜਾਣਕਾਰੀ ਸ਼ੀਟ

Gout

ਗਾਊਟ

ਇਹ ਕਾਗਜ਼ ਉਨ੍ਹਾਂ ਲੋਕਾਂ ਲਈ ਲਿਖਿਆ ਗਿਆ ਹੈ ਜਿਹੜੇ ਜੋੜਾ ਦੇ ਰੋਗ ਗਾਊਟ ਤੋਂ ਪੀੜਤ ਹਨ। ਇਸ ਵਿੱਚ ਤੁਹਾਡੇ ਜਾਣਨ ਲਈ ਗਾਊਟ ਦੇ ਰੋਗ ਬਾਰੇ ਆਮ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਤੁਸੀਂ ਇਸ ਰੋਗ ਬਾਰੇ ਸਮਝਣ ਅਤੇ ਇਸ ਦੀ ਸੰਭਾਲ ਬਾਰੇ ਜਾਣ ਸੱਕੋ। ਇਸ ਸ਼ੀਟ ਵਿੱਚ ਗਾਊਟ ਤੋਂ ਬਚਾ ਕਰਨ ਬਾਰੇ ਅਤੇ ਹੋਰ ਵਧੇਰੇ ਜਾਣਕਾਰੀ ਲੈਣ ਬਾਰੇ ਵੀ ਦੱਸਿਆ ਹੈ।

ਗਾਊਟ ਕੀ ਹੁੰਦਾ ਹੈ?

ਗਾਊਟ ਇੱਕ ਆਮ ਦਰਦ ਭਰੀ ਬਿਮਾਰੀ ਹੁੰਦੀ ਹੈ ਜੋ ਜੋਥਾਂ ਨੂੰ ਪ੍ਰਭਾਵਿਤ ਕਰਦੀ ਹੈ। ਜੋੜਾਂ ਵਿੱਚ ਅਤੇ ਆਲੇ ਦੁਆਲੇ ਛੋਟੇ ਛੋਟੇ ਦਾਣੇ ਬਣ ਜਾਣ ਨਾਲ ਦਰਦ ਅਤੇ ਸੋਜ਼, ਪੈਦਾ ਹੋ ਜਾਂਦੀ ਹੈ। ਇਹ ਦਾਣੇ (crystals) ਸਰੀਰ ਵਿੱਚਲੇ ਆਮ ਕੂੜ ਕਰਕਟ (uric acid) ਯੂਰਿਕ ਐਸਿਡ ਤੋਂ ਬਣੇ ਹੁੰਦੇ ਹਨ। ਆਮ ਸਰੀਰ ਇਸ ਯੂਰਿਕ ਐਸਿਡ ਨੂੰ ਗੁਰਦਿਆਂ ਰਾਹੀਂ ਪਿਸ਼ਾਬ ਵਿੱਚ ਕੱਢ ਦਿੰਦਾ ਹੈ। ਪਰ ਜਿਨ੍ਹਾਂ ਲੋਕਾਂ ਨੂੰ ਗਾਉਟ ਹੋਇਆ ਹੋਵੇ, ਉਨ੍ਹਾਂ ਲਈ ਇਹ ਇਨੀ ਫੁਰਤੀ ਨਾਲ ਨਹੀਂ ਹੁੰਦਾ। ਇਸ ਕਾਰਨ ਯੂਰਿਕ ਐਸਿਡ ਦੇ ਮਿਆਰ ਵੱਧ ਜਾਂਦੇ ਹਨ ਜਿਨ੍ਹਾਂ ਦਾ ਸਦਕਾ ਦਾਣੇ (crystals) ਬਣ ਜਾਂਦੇ ਹਨ।

ਗਾਊਟ ਤੋਂ ਕੌਣ ਪ੍ਰਭਾਵਿਤ ਹੁੰਦਾ ਹੈ?

ਗਾਊਟ ਕਿਸੇ ਨੂੰ ਵੀ ਹੋ ਸਕਦਾ ਹੈ। ਹਾਲਾਂਕਿ, ਮਾਂਹਵਾਰੀ ਬੰਦ ਹੋਣ ਤੋਂ ਪਹਿਲਾਂ ਔਰਤਾਂ ਨੂੰ ਇਹ ਬਹੁਤ ਘੱਟ ਹੁੰਦਾ ਹੈ ਅਤੇ ਤੁਹਾਡਾ ਡਾਕਟਰ ਤੁਹਾਡੇ ਲੱਛਣਾਂ ਦੀ ਜਾਂਚ ਕਰਨ ਦਾ ਇੱਛਕ ਹੋ ਸਕਦਾ ਹੈ।

ਇਸ ਦੇ ਲੱਛਣ ਕੀ ਹੁੰਦੇ ਹਨ?

ਗਾਊਟ ਦਾ ਹਮਲਾ ਬਹੁਤ ਛੇਤੀ ਹੋ ਜਾਂਦਾ ਹੈ, ਆਮ ਤੌਰ 'ਤੇ ਰਾਤੋ ਰਾਤ। ਪ੍ਰਭਾਵਿਤ ਜੋੜ ਬਹੁਤ ਹੀ ਲਾਲ, ਸੁਜਿਆ ਹੋ ਜਾਂਦਾ ਹੈ ਅਤੇ ਬਹੁਤ ਦਰਦ ਮਹਿਸੂਸ ਹੁੰਦੀ ਹੈ। ਬਹੁਤ ਵਾਰ ਜੋੜ ਨੂੰ ਹੱਥ ਲਾਇਆਂ ਦਰਦ ਹੁੰਦਾ ਹੈ। ਆਮ ਤੌਰ 'ਤੇ ਕਿਸੇ ਸਮੇਂ ਗਾਊਟ ਇੱਕ ਜੋੜ ਨੂੰ ਹੀ ਪ੍ਰਭਾਵਿਤ ਕਰਦਾ ਹੈ, ਬਹੁਤੀ ਵਾਰ ਪੈਰ ਦੇ ਅੰਗੂਠੇ ਨੂੰ। ਹੋਰ ਜੋੜ, ਜਿਵੇਂ ਹੱਥਾਂ ਦੇ, ਗੁਟਾਂ ,ਗੋਡਿਆਂ, ਅੱਡੀਆਂ, ਅਤੇ ਕੂਹਣੀਆਂ ਦੇ ਵੀ ਵੀ ਗਾਊਟ ਤੋਂ ਪ੍ਰਭਾਵਿਤ ਹੋ ਸਕਦੇ ਹਨ।

ਇਹ ਕਿਉਂ ਹੁੰਦਾ ਹੈ?

ਆਮ ਤੌਰ 'ਤੇ ਗਾਊਟ ਹੋਣ ਦਾ ਕਾਰਨ ਤੁਹਾਡੇ ਗੁਰਦਿਆਂ ਦਾ ਤੁਹਾਡੇ ਸਰੀਰ ਅੰਦਰੋਂ ਯੂਰਿਕ ਐਸਿਡ ਛੇਤੀ ਨਾ ਕੱਢਿਆ ਜਾਣਾ ਹੁੰਦਾ ਹੈ। ਗਾਊਟ ਦਾ ਪਰਿਵਾਰਾਂ ਵਿੱਚ ਹੋਣ ਦਾ ਨਮੂੰਨਾਂ ਹੁੰਦਾ ਹੈ, ਹਾਲਾਂਕਿ ਪਰਿਵਾਰ ਦੇ ਸਾਰੇ ਮੈਂਬਰ ਇਸ ਤੋਂ ਪ੍ਰਭਾਵਿਤ ਨਹੀਂ ਵੀ ਹੁੰਦੇ। ਕੁਝ ਜੀਵਨਸ਼ੈਲੀ ਕਾਰਕ ਹਨ ਜੋ ਗਾਊਟ ਹੋਣ ਦੇ ਤੁਹਾਡੇ ਜੋਖਮ ਵਧਾ ਸਕਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਭਾਰ ਵ੍ਧ ਹੋਣਾ
- ਕੋਲੈਸਟ੍ਰੋਲ ਵਧਿਆ ਹੋਣਾ, ਖੂਨ ਦਾ ਪ੍ਰੈਸ਼ਰ ਵੱਧੀਆ ਹੋਣਾ ਜਾਂ ਗੁਲੂਕੋਜ਼ ਦੀ ਅਸਹਿਣਸ਼ੀਲਤਾ ਹੋਣੀ
- ਗੁਰਦਿਆਂ ਦਾ ਰੋਗ ਹੋਣਾ
- ਡਾਇਰੈਟਿਕਸ ਲੈਣੀਆਂ (ਗੋਲੀਆਂ ਜੋ ਸਰੀਰ ਵਿੱਚੋਂ ਵਾਧੂ ਪਾਣੀ

ਇਸ ਦੀ ਪਹਿਚਾਣ ਕਿਵੇਂ ਕੀਤੀ ਜਾਂਦੀ ਹੈ?

ਨਿਸਚੇ ਨਾਲ ਗਾਊਟ ਦੀ ਜਾਂਚ ਕਰਨ ਦਾ ਇੱਕੋ ਤਰੀਕਾ ਹੇ ਜੋ ਤੁਹਾਡਾ ਡਾਕਟਰ ਤੁਹਾਡੇ ਜੋੜਾਂ ਵਿੱਚਲੇ ਤਰਲ ਵਿਚੋਂ ਯੂਰੇਟ ਦਾਣੇ (urate crystals) ਲੱਭੇ ਜਾਣ ਬਾਦ ਕਰਦਾ ਹੈ। ਯੂਰਿਕ ਐਸਿਡ ਦਾ ਮਿਆਰ ਖੂਨ ਦੀ ਜਾਂਚ ਨਾਲ ਮਿਣਿਆ ਜਾਂਦਾ ਹੈ, ਹਾਲਾਂਕਿ ਇਹ (ਖੂੰਨ ਦੀਆਂ ਜਾਂਚਾਂ) ਹਮੇਸ਼ਾਂ ਦਰੁਸਤ ਨਹੀਂ ਹੁੰਦੀਆਂ। ਗਾਊਟ ਹੋਣ ਸਮੇਂ ਯੂਰਿਕ ਐਸਿਡ ਦੇ ਮਿਆਰ ਨਾਰਮਲ ਜਾਂ ਬਹੁਤ ਘੱਟ ਹੋ ਸਕਦੇ ਹਨ। ਖੂਨ ਦੀਆਂ ਜਾਂਚਾਂ ਤੁਹਾਡੇ ਲੱਛਣ ਹੋਰਨਾਂ ਕਾਰਨਾਂ ਕਰਕੇ ਨਾ ਹੋਣ ਨੂੰ ਨਿਸਚਿਤ ਕਰਨ ਵਿੱਚ ਬਹੁਤ ਸਹਾਇਕ ਹੁੰਦੀਆਂ ਹਨ, ਜਿਵੇਂ ਕਿ ਜੋੜਾਂ ਵਿੱਚ ਛੂਤ ਜਾਂ ਗਠੀਏ

ਦੇ ਹੋਰ ਰੂਪ। ਗਾਊਟ ਦੇ ਸ਼ੁਰੂਆਤੀ ਸਮੇਂ ਐਕਸ-ਰੇ ਨਾਰਮਲ ਦਿੱਸਦੀਆਂ ਹਨ ਸੋ ਇਸ ਕਰਕੇ ਇਹ ਗਾਊਟ ਦੀ ਜਾਂਚ ਵਿੱਚ ਜ਼ਿਆਦਾ ਸਹਾਇਕ ਨਹੀਂ ਹੁੰਦੀਆਂ।

ਮੈਨੂੰ ਕੀ ਹੋਵੇਗਾ?

ਇਲਾਜ ਦੇ ਬਗੈਰ, ਗਾਊਟ ਤਕਰੀਬਨ ਇੱਕ ਹਫਤੇ ਤੱਕ ਰਹਿੰਦਾ ਹੈ। ਦੁਬਾਰਾ ਗਾਊਟ ਕਈ ਮਹਿਨਿਆਂ ਜਾਂ ਸਾਲਾਂ ਬਾਦ ਹੋ ਸਕਦਾ ਹੈ। ਜੇ ਗਾਊਟ ਦਾ ਚੰਗੀ ਤਰ੍ਹਾਂ ਖਿਆਲ ਨਾ ਰੱਖਿਆ ਜਾਵੇ, ਤਾਂ ਇਸ ਦੇ ਹੋਣ ਦੀ ਸੰਭਾਵਨਾ ਵਧੇਰੇ ਹੋ ਜਾਂਦੀ ਹੈ, ਗਾਊਟ ਹੋਰ ਗੰਭੀਰ ਹੋ ਜਾਂਦਾ ਹੈ ਅਤੇ ਜੋੜ ਹਮੇਸ਼ਾਂ ਲਈ ਨੁਕਸਾਨੇ ਜਾਂਦੇ ਹਨ। ਕਈ ਵਾਰ ਗਾਊਟ ਵੱਧ ਕੇ ਇੱਕ ਬੁਰਾ (ਲੰਬੇ ਸਮੇਂ ਵਾਲਾ) ਰੋਗ ਬਣ ਜਾਂਦਾ ਹੈ, ਜਿਸ ਨਾਲ:

- ਪ੍ਰਭਾਵਿਤ ਜੋੜਾਂ ਵਿੱਚ ਦਰਦ ਅਤੇ ਸੋਜ਼ ਰਹਿੰਦੀ ਹੈ।
- ਟੋਫੀ (tophi) – ਯੂਰੇਟ ਕਰਿਸਟਲ urate crystals) ਦੀਆਂ ਪੱਕੀਆਂ ਗੰਢਾਂ, ਖਾਸ ਕਰਕੇ ਪੈਰਾਂ ਦੇ ਅੰਗੂਠਿਆ, ਕੰਨਾਂ, ਹੱਥਾਂ ਦੀਆਂ ਉਂਗਲੀਆਂ ਬਾਹਾਂ, ਗੋਡਿਆਂ ਅਤੇ ਕੂਹਣੀਆ 'ਤੇ।
- ਗੁਰਦਿਆਂ ਵਿੱਚ ਪੱਥਰ।

ਜੇ ਮੈਂ ਗਾਊਟ ਤੋਂ ਪ੍ਰਭਾਵਿਤ ਹੋ ਜਾਵਾਂ ਤਾਂ ਮੈਨੂੰ ਕੀ ਕਰਨ ਦੀ ਲੋੜ ਹੈ?

ਸਭ ਤੋਂ ਪਹਿਲਾਂ ਗਾਊਟ ਵੇਲੇ ਤੁਹਾਨੂੰ ਆਪਣੇ ਡਾਕਟਰ ਨੂੰ ਮਿਲਣ ਦੀ ਲੋੜ ਹੈ। ਦਰਦ ਅਤੇ ਸੋਜ਼ ਘਟਾਉਣ ਲਈ ਤੁਹਾਡਾ ਡਾਕਟਰ ਕੁੱਝ ਦਵਾਈਆਂ ਦੀ ਫਰਮਾਇਸ਼ ਕਰੇਗਾ ਜਿਨ੍ਹਾਂ ਵਿੱਚ ਸ਼ਾਮਲ ਹੋਣਗੇ:

Arthritis AUSTRALIA

ਨਾਨ ਸਟੈਰਾਇਡਲ ਐਂਟੀ ਇਨਫਲੈਮਟਰੀ (ਸੋਜ਼ ਘਟਾਉਣਕੱਢ ਦਿੰਦੀਆਂ ਹਨ)

- ਕੋਰਟੀ ਕੋਸਟਰੌਇਡਲ ਟੀਕੇ ਜਾਂ ਗੋਲੀਆਂ
- ਕੋਲਚਿਕਸੀਨ (colchicine)

ਦਵਾਈਆਂ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਫਾਰਮਸਿਸਟ ਨਾਲ ਹਮੇਸ਼ਾਂ ਗਲ ਬਾਤ ਕਰਿਆ ਕਰੋ। ਹੋ ਸਕਦਾ ਹੈ ਕਿ ਤੁਹਾਨੂੰ ਪ੍ਰਭਾਵਿਤ ਜੋੜ ਨੂੰ ਵੀ ਸੁਰੱਖਿਅਤ ਰੱਖਣ ਦੀ ਲੋੜ ਹੋਵੇ। ਮਿਸਾਲ ਵਜ੍ਹੋ, ਜੇ ਤੁਹਾਡੇ ਪੈਰ ਦਾ ਅੰਗੂਠਾ ਪ੍ਰਭਾਵਿਤ ਹੋਇਆ ਹੋਵੇ, ਤੁਹਾਨੂੰ ਜ਼ਿਆਦਾ ਤੁਰਨ ਤੋਂ ਗੁਰੇਜ਼ ਕਰਨੀ ਚਾਹੀਦੀ ਹੈ ਅਤੇ ਇਸ ਗਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਤੁਸੀਂ ਚਾਦਰਾਂ ਨੂੰ (ਸੌਣ ਵੇਲੇ) ਆਪਣੇ ਪੈਰ ਤੋਂ ਲਾਂਭੇ ਰਖੋ। ਦਰਦ ਘਟਾਉਣ ਲਈ Dealing with pain ਜਾਣਕਾਰੀ ਸ਼ੀਟ ਵੇਖੋ।

ਕੀ ਗਾਊਟ ਤੋਂ ਬਚਾ ਹੋ ਸਕਦਾ ਹੈ?

ਚੰਗੀ ਖਬਰ ਤਾਂ ਇਹ ਹੈ ਕਿ ਗਾਊਟ ਰੋਕਿਆ ਜਾ ਸਕਦਾ ਹੈ। ਇਲਾਜ ਦਾ ਨਿਸ਼ਾਨਾ ਤਾਂ ਇਹ ਹੁੰਦਾ ਹੈ ਯੂਰਿਕ ਐਸਿਡ ਦੇ ਮਿਆਰ ਨੂੰ ਘਟਾਉਣਾ ਤਾਂ ਜੋ ਗਾਊਟ ਨਾ ਹੋਵੇ। ਤੁਹਾਡੇ ਯੂਰਿਕ ਐਸਿਡ ਦਾ ਮਿਆਰ ਇੱਕ ਖੂਨ ਦੀ ਜਾਂਚ ਨਾਲ ਪਰੀਖਿਆ ਜਾ ਸਕਦਾ ਹੈ। ਗਾਊਟ ਤੋਂ ਪੀੜਤ ਜ਼ਿਆਦਾਤਰ ਲੋਕਾਂ ਦੇ ਯੂਰਿਡ ਐਸਿਡ ਦਾ ਮਿਆਰ (ਸ਼ੀਰਮ ਯੂਰੇਟ) ਜੋ ਉਨ੍ਹਾਂ ਦੇ ਇਲਾਜ ਕਾਰਨ ਹੋਣਾ ਚਾਹੀਦਾ ਹੈ, ਹੁੰਦਾ ਹੈ:

0.36 ਮਿਲੀਮੋਲਜ਼ (millimoles) ਪ੍ਰਤੀ ਲੀਟਰ (<0.36mmol/L)

ਕੁੱਝ ਗੰਭੀਰ ਗਾਊਟ ਤੋਂ ਪੀੜਤ ਯੂਰਿਕ ਐਸਿਡ ਦੇ ਮਿਆਰ ਦੇ ਨਿਸ਼ਾਨੇ 0.30 millimoles ਪ੍ਰਤੀ ਲੀਟਰ (<0.30mmol/L) ਤੋਂ ਘੱਟ ਹੋਣੇ ਚਾਹੀਦੇ ਹਨ।. ਆਪਣੇ ਡਾਕਟਰ ਨਾਲ ਉਨ੍ਹਾਂ ਇਲਾਜਾਂ ਬਾਰੇ ਗਲ ਬਾਤ ਕਰੋ ਜਿਨ੍ਹਾਂ ਨਾਲ ਤੁਸੀਂ ਆਪਣੇ ਯੂਰਿਕ ਐਸਿਡ ਦੇ ਮਿਆਰ ਦੇ ਨਿਸ਼ਾਨੇ ਤੱਕ ਪਹੁੰਚ ਸਕਦੇ ਹੋ, ਜਿਸ ਵਿੱਚ ਸ਼ਾਮਲ ਹੈ:

ਦਵਾਈਆਂ (MEDICINES): ਕੁੱਝ ਦਵਾਈਆਂ ਜੋ ਤੁਹਾਡੇ ਖੂੰਨ ਵਿੱਚਲੇ ਯੂਰਿਕ ਐਸਿਡ ਦੇ ਮਿਆਰ ਨੂੰ ਘਟਾ ਸਕਦੀਆਂ ਹਨ। ਇਹ ਦਵਾਈਆਂ ਰੋਜ਼ਾਨਾ ਖਾਣ ਦੀ ਲੋੜ ਹੈ, ਭਾਂਵੇਂ ਤੁਸੀਂ ਗਾਊਟ ਤੋਂ ਪੀੜਤ ਹੋ ਜਾਂ ਨਾ।

ਸ਼ਰਾਬ: ਸ਼ਰਾਬ ਪੀਣੀ ਘਟਾ ਦਿਓ ਅਤੇ ਕਿਸੇ ਸਮੇਂ ਵੀ ਹੁਤ ਜ਼ਿਆਦਾ ਨਸ਼ਾ ਨਾ ਪੀਓ। ਆਪਣੇ ਡਾਕਟਰ ਨਾਲ ਗਲ ਕਰੋ ਜਾਂ ਆਸਟਰੇਲੀਅਨ ਸਰਕਾਰ ਵਲੋਂ ਸਿਫਰਸ਼ ਕੀਤੀਆਂ ਸ਼ਰਾਬ ਦੇ ਸੇਵਨ 'ਤੇ ਹਦਾਇਤਾਂ ਲਈ ਇਸ ਵੈਬਸਾਈਟ ਨੂੰ ਵੇਖੋ www.alcohol.gov.au

ਭਾਰ ਘਟਾਉਣਾ: ਜੇ ਤੁਹਾਡਾ ਭਾਰ ਵਧਿਆ ਹੋਇਆ ਹੈ, ਤਾਂ ਆਸਤੇ ਆਸਤੇ ਆਪਣਾ ਭਾਰ ਘਟਾਓ। ਇਹ ਗਲ ਪੱਕੀ ਕਰੋ ਕਿ ਤੁਸੀ ਸਿਹਤਮੰਦ ਖੁਰਾਕ ਖਾਂਦੇ ਹੋ ਕਿਉਂਕਿ 'ਕਰੈਸ਼' ਜਾਂ 'ਭੁਖੇ ਰਹਿਣ ਵਾਲੇ ਡਾਇਟ ਤੁਹਾਡੇ ਯੂਰਿਕ ਐਸਿਡਾਂ ਨੂੰ ਘਟਾਉਣ ਦੀ ਥਾਂ ਵਧਾ ਸਕਦੇ ਹਨ। ਸਲਾਹ ਮਸ਼ਵਰੇ ਲਈ ਡਾਇਟਿਸ਼ਨ ਨੂੰ ਮਿਲੋ।

ਪਿਊਰੀਨ-ਭਰਪੂਰ ਖੁਰਾਕਾਂ (Purine-rich foods): ਵਧੇਰੇ ਜਾਣਕਾਰੀ ਲਈ Gout and diet sheet ਵੇਖੋ।

ਬਹੁਤੀ ਵਾਰ ਸੀਊਡੋਗਾਊਟ (Pseudogout) ਜਿਸ ਦੇ ਲੱਛਣ ਇੱਸ ਨਾਲ ਮਿਲਦੇ-ਜੁਲਦੇ ਹਨ ਨੂੰ ਹੀ ਭੁਲੇਖੇ ਨਾਲ ਗਾਊਟ ਕਰ ਕੇ ਪਹਿਚਾਣਿਆਂ ਜਾਂਦਾ ਹੈ। ਹਾਲਾਂਕਿ ਇਹ ਇੱਕ ਵੱਖਰੀ ਤਰ੍ਹਾਂ ਦੇ ਕਰਿਸਟਲ, ਜਿਸ ਨੂੰ ਕਲਸੀਅਮ ਪਾਈਰੋਫੌਸਫੇਟ ਜੋ ਜੋੜ ਵਿੱਚ ਬਣਦੇ ਹਨ ਕਿਹਾ ਜਾਂਦਾ ਹੈ ਅਤੇ ਇਹ ਰੋਗ ਇਨ੍ਹਾਂ ਦੇ ਨਤੀਜੇ ਵਜੋਂ ਹੁੰਦਾ ਹੈ। ਇਹ ਕਰਿਸਟਲ ਉਪ-ਹੱਡੀ ਦੇ ਅੰਤਲੇ ਹਿਸੇ (ਹੱਢੀਆਂ ਦੇ) ਉਪਰ ਦੇ ਮੁਲਾਇਮ ਪਰਦੇ ਵਿੱਚ ਬਣਦੇ ਹਨ। ਸੀਊਡੋਗਾਊਟ ਦੀ ਪਹਿਚਾਣ ਪ੍ਰਭਾਵਿਤ ਜੋੜ ਦੇ ਤਰਲ ਵਿੱਚ ਕਲਸੀਅਮ ਪਾਈਰੋਫੌਸਫੇਟ ਦੇ ਪਾਏ ਜਾਣ 'ਤੇ ਹੁੰਦੀ ਹੈ। ਇਹ ਗਾਊਟ ਤੋਂ ਇੱਕ ਵੱਖਰਾ ਰੋਗ ਹੁੰਦਾ ਹੈ ਜਿਸ ਲਈ ਵੱਖਰੇ ਇਲਾਜ ਦੀ ਲੋੜ ਹੋ ਸਕਦੀ ਹੈ।

ਜੇ ਗਾਊਟ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਜੋੜਾਂ ਨੂੰ ਸਦੀਵੀ ਨੁਕਸਾਨ ਕਰ ਸਕਦਾ ਹੈ। ਆਪਣੇ ਯੂਰਿਕ ਐਸਿਡ ਦਿਆਂ ਨਿਸ਼ਾਨਿਆਂ ਤੋਂ ਜਾਣੂ ਰਹੋ ਅਤੇ ਗਾਊਟ ਹੋਣ ਤੋਂ ਬਚਾ ਬਾਰੇ ਜਾਣੋ।

ਆਰਥਰਾਈਟਿਸ ਬਾਰੇ ਵਧੇਰੇ ਜਾਣਕਾਰੀ ਸ਼ੀਟਾਂ ਲਈ ਆਪਣੇ ਸਥਾਨਕ ਆਰਥਰਾਟਿਸ ਦਫਤਰ ਨਾਲ ਸੰਪਰਕ ਕਰੋ

ਤੁਹਾਡੇ ਸਥਾਨਕ ਆਰਤ੍ਰਾਇਟਿਸ ਦਫਤਰ ਲਈ:

ਕਾਲ ਕਰੋ 1800 011 041 www.arthritisaustralia.com.au

abbvie

Produced with the support of AbbVie

©ਕਾਪੀ- ਅਧਿਕਾਰ ਆਰਥਰਾਇਟਿਸ ਆਸਟ੍ਰੇਲੀਆ 2019। ਦਸੰਬਰ 2017 ਨੂੰ ਸਮੀਖਿਆ ਕੀਤੀ ਗਈ। ਅਸਵੀਕਰਨ: ਇਹ ਸ਼ੀਟ ਆਰਥਰਾਇਟਿਸ ਆਸਟ੍ਰੇਲੀਆ ਦੁਆਰਾ ਸਿਰਫ ਸੂਚਨਾ ਦੇ ਮਕਸਦ ਲਈ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਡਾਕਟਰੀ ਸਲਾਹ ਦੀ ਥਾਂ ਤੇ ਨਹੀਂ ਵਰਤੀ ਜਾਣੀ ਚਾਹੀਦੀ। ਸ੍ਰੋਤ: ਇਸ ਸ਼ੀਟਨੂੰ ਪੂਰੀ ਕਰਨ ਲਈ ਵਰਤੇ ਜਾਣ ਵਾਲੇ ਸੰਦਰਭਾਂ ਦੀ ਪੂਰੀ ਸੂਚੀ ਤੁਹਾਡੇ ਸਥਾਨਕ ਗਠੀਏਦੇ ਚਫਤਰਵਿੱਚਉਪਲਬਧਹੈ। ਹੇਠਾਂ ਦਿੱਤੀਆਂ ਗਈਆਂ ਸੰਸਥਾਵਾਂ ਨੇ ਇਸ ਜਾਣਕਾਰੀ ਸ਼ੀਟ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ: ਆਸਟਰੇਲੀਅਨ ਰੂਮਟੈਲਜੀ ਐਸੋਸੀਏਸ਼ਨ, ਆਸਟਰੇਲੀਅਨ ਜਨਰਲ ਪ੍ਰੈਕਟਿਸ ਨੈਟਵਰਕ, ਆਸਟਰੇਲੀਅਨ ਫਿਸਿਓਥੈਰਾਪੀ ਐਸੋਸੀਏਸ਼ਨ, ਆਸਟਰੇਲੀਅਨ ਪ੍ਰੈਕਟਿਸ ਨਰਸੱਸ ਐਸੋਸੀਏਸ਼ਨ, ਫਾਰਮੋਸਿਊਟੀਕਲ ਸੁਸਾਇਟੀ ਆਫ ਆਸਟਰੇਲੀਆ ਅਤੇ ਰਾਇਲ ਆਸਟਰੇਲੀਅਨ ਕਾਲਜ ਆਫ ਜਨਰਲ ਪ੍ਰੈਕਟਿਸ਼ਨਰਜ਼। ਇਸ ਪ੍ਰੋਜੈਕਟਦੇ ਸਮਰਥਨ ਲਈ ਮੁਢਲੀ ਸਹਾਇਤਾ ਆਸਟਰੇਲੀਅਨ ਸ੍ਰਕਾਰ ਵਲੋਂ ਕੀਤੀ ਗਈ।